ਅੰਕ ਪਹਿਲਾ
ਲਿਖਤ ੪੦੦੦੧

੧ੴ ਸਤਿਗੁਰ ਪ੍ਰਸਾਦਿ ॥

# ਭਾਈ ਗੁਰਦਾਸ ਦੀਆਂ ਵਾਰਾਂ

## "ਸਤਿਗੁਰ ਕੀ ਬਾਣੀ" ਦੀ ਕੁੰਜੀ ?

# ਸਬਦ ਵਰਤਾਰਾ

॥ਪੂਰੇਗੁਰਕੀਪੂਰੀਦੀਖਿਆ॥



ਵਾਹਿਗੁਰੂਜੀਕਾਖਾਲਸਾ
ਵਾਹਿਗੁਰੂਜੀਕੀਫਤਿਹ

॥ ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਪੰਨਾ ੩੦੪

**SABAD VARTARA INTERNATIONAL**
WWW.SABADVARTARA.ORG
P.O.Box 180002, Utica, MI 48318-0002, USA.
Phone/Fax: (734) 623-6350, Registered Non Profitable Org. 383518537

# ਵਾਹਿਗੁਰੂ ਜੀ ਕਾ ਖਾਲਸਾ ॥
# ਵਾਹਿਗੁਰੂ ਜੀ ਕੀ ਫਤਹਿ ॥

*ਸਤਿਗੁਰ ਕੀ ਬਾਣੀ  ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥*
*ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥ ਪੰਨਾ ੩੦੪*

**ਅਸੀ ਵਡਭਾਗੀ ਹਾਂ ਕਿ ਸਾਨੂੰ ਇਹ “ਸਤਿਗੁਰੂ ਕੀ ਬਾਣੀ” “ਖਸਮ ਕੀ ਬਾਣੀ “ ਦੇ ਭੰਡਾਰ ਗਿਆਨ ਰੂਪੀ ਸ੍ਰੀ ਗੁਰੂ ਗ੍ਰੰਥ ਜੀ ਦਾ ਆਸਰਾ ਲੈਣ ਦਾ ਸਬੱਬ ਪ੍ਰਾਪਤ ਹੋਇਆ ॥   ਇਹੋ ਜਿਹਾ ਮੁਕੰਮਲ ਬ੍ਰਹਮ ਗਿਆਨ ਨਾ ਹੀ ਪਹਿਲਾ ਆਇਆ ਸੀ , ਤੇ ਨਾ ਹੀ ਹੋਰ ਆਉਣ ਦੀ ਲੋੜ ਹੈ ॥  ਹਰ ਕੋਈ ਇਸ ਗਿਆਨ ਦੇ ਅਸੂਲਾ ਨੂੰ ਸਮਝ ਕੇ, ਆਪਨੇ ਜੀਵਨ ਵਿਚ ਢਾਲ ਕੇ, ਪ੍ਰਮਾਤਮਾ ਨੂੰ ਮਿਲਣ ਦੇ ਰਸਤੇ ਤੇ ਚਲਦਾ ਹੋਇਆ ਆਪਣਾ ਜੀਵਨ ਸਫਲ ਕਰ ਸਕਦਾ ਹੈ ॥**

ਇਸ ਪੂਰਨ ਬ੍ਰਹਮ ਗਿਆਨ ਨੇ ਮਨੁੱਖਤਾ ਨੂੰ ਇਕ ਅਕਾਲ ਪੁਰਖ ਦੀ ਭਗਤੀ ਵਲ ਜੋੜਿਆ ਹੈ ॥ ਭਗਤੀ ਸਿਰਫ ਇਕੁ ਪਰਮੇਸਰ ਦੇ ਨਾਮ ਜਪਣ ਦੀ ਹੈ ॥ ਹੋਰ ਦੇਵੀ ਦੇਵਤਿਆ ਦੀ ਭਗਤੀ ਕਰਨਾ ਪਰਮੇਸਰ ਨੂੰ ਮਿਲਨ ਦਾ ਰਸਤਾ ਨਹੀ ਹੈ ॥

*ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥ ੧ ॥ ਰਹਾਉ ॥ ਪੰਨਾ ੮੭੪*

*ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥ ੧ ॥ ਰਹਾਉ ॥ ਪੰਨਾ ੪੮੪*

*ਕੇਵਲ ਨਾਮੁ ਜਪਹੁ ਰੇ ਪ੍ਰਾਨੀ  ਪਰਹੁ ਏਕ ਕੀ ਸਰਨਾਂ ॥ ਪੰਨਾ ੬੯੨*

ਸਿਖ ਜਗਤ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਪਿਛਲੇ ਕੁਝ ਕੁ ਸਾਲਾਂ ਤੋਂ ਬੜੀ ਸ਼ਰਧਾ (Regard) ਨਾਲ ਪੜ੍ਹੀਆਂ ਜਾਂਦੀਆਂ ਹਨ ॥ ਇਨ੍ਹਾਂ ਵਾਰਾਂ ਨੂੰ “ਸਤਿਗੁਰੂ ਦੀ ਬਾਣੀ” ਦੀ ਕੁੰਜੀ ਵੀ ਸਮਝਿਆ ਜਾਂਦਾ ਹੈ ॥
ਕੀ ਭਾਈ ਗੁਰਦਾਸ ਦੀਆਂ ਵਾਰਾਂ ਸੱਚਮੁੱਚ ਹੀ ਕੁੰਜੀ ਹਨ ? ਆਓ ਅਸੀ ਭਾਈ ਗੁਰਦਾਸ ਦੀਆਂ ਵਾਰਾਂ ਨੂੰ “ਸਤਿਗੁਰੂ ਦੀ ਬਾਣੀ” ਜੋ ਸਚੋ ਹੀ ਸਚ ਹੈ ਦੀ ਕਸਵਟੀ ਨਾਲ ਹੀ ਪਰਖੀਏ ॥

**ਸਬਦ ਵਰਤਾਰਾ ਇੰਟਰਨੈਸ਼ਨਲ**
**ਪਹਿਲੀ ਵਾਰ ਛਪੀ , ੩੧ ਜੁਲਾਈ ੨੦੦੧**

## ੧) ਕੀ ਦ੍ਰੋਪਤੀ (ਪੰਚਾਲੀ) ਦੀ ਲਾਜ ਕ੍ਰਿਸ਼ਨ ਜੀ ਨੇ ਰਖੀ:

ਹੇਠ ਲਿਖੀ ਵਾਰ ਵਿਚ ਭਾਈ ਗੁਰਦਾਸ ਜੀ ਦ੍ਰੋਪਤੀ ਦੀ ਰਾਜ ਸਭਾਂ ਵਿਚ ਹੋਈ ਬੇਇਜ਼ਤੀ ਦਾ ਜ਼ਿਕਰ ਕਰਦੇ ਹਨ ॥ ਜਦੋ ਦ੍ਰੋਪਤੀ ਨੇ ਇਹ ਵੇਖਿਆ ਕਿ ਉਸਦੀ ਰਾਜ ਸਭਾ ਵਿਚ ਕੋਈ ਵੀ ਰਖਿਆ ਕਰਨ ਵਾਲਾ ਨਹੀ ਸੀ ਤਾਂ ਫਿਰ ਉਸਨੇ ਅੱਖਾਂ ਮੀਟ ਕੇ ਕ੍ਰਿਸ਼ਨ ਦਾ ਧਿਆਨ ਧਰਿਆ ॥ ਫਿਰ ਕ੍ਰਿਸ਼ਨ ਜੀ ਨੇ ਆ ਕੇ ਦ੍ਰੋਪਤੀ ਦੀ ਰਖਿਆ ਕੀਤੀ ॥

**ਵਾਰ ੮ ਭਾਈ ਗੁਰਦਾਸ ਜੀ :**

ਅੰਦਰ ਸਭਾ ਦੁਸਾਸਨੈ ਮਥੈ ਵਾਲ ਦ੍ਰੋਪਤੀ ਆਂਦੀ॥
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ॥
ਪੰਜੇ ਪਾਂਡੋ ਵੇਖਦੇ ਅਉਘਟ ਰੁਧੀ ਨਾਰਿ ਜਿਨਾਂ ਦੀ॥
**ਅਖੀਂ ਮੀਟ ਧਿਆਨ ਧਰ ਹਾਹਾ ਕ੍ਰਿਸ਼ਨ ਕਰੇ ਵਿਲਲਾਂਦੀ॥**
ਕਪੜ ਕੋਟ ਉਸਾਰਿਓਨ ਥਕੇ ਦੂਤ ਨ ਪਾਰ ਵਸਾਂਦੀ॥
ਹਥ ਮਰੋੜਨ ਸਿਰ ਧੁਣਨਿ ਪਛੋਤਾਨ ਕਰਨ ਜਾਹ ਜਾਂਦੀ॥
ਘਰ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ॥
ਨਾਥ ਅਨਾਥਾਂ ਬਾਣ ਧੁਰਾਂਦੀ ॥

"ਸਤਿਗੁਰੂ ਦੀ ਬਾਣੀ" ਮੁਤਾਬਿਕ ਦ੍ਰੋਪਤੀ ਨੇ ਰਾਜ ਸਭਾ ਦੇ ਅੰਦਰ ਆਈ ਮੁਸੀਬਤ ਵੇਲੇ ਰਾਮ ਨਾਮ ਦਾ ਧਿਆਨ ਧਰਿਆ ॥ ਇਸਤਰਾਂ ਅਕਾਲ ਪੁਰਖ ਨੇ ਦ੍ਰੋਪਤੀ ਦੀ ਰੱਖਿਆ ਕੀਤੀ ॥ "ਸਤਿਗੁਰੂ ਦੀ ਬਾਣੀ " ਸਿਰਫ ਅਕਾਲ ਪੁਰਖ ਦੇ ਨਾਮ ਦਾ ਹੀ ਆਸਰਾ ਲੈਣ ਲਈ ਪ੍ਰੇਰਦੀ ਹੈ, ਜਿਵੇਂ ਕਿ ਹੇਠਲੇ ਸ਼ਬਦ ਵਿਚ ਜ਼ਾਹਿਰ ਹੈ ॥

*ਮਾਰੂ ਮਹਲਾ ੯ ॥*
*ਹਰਿ ਕੋ ਨਾਮੁ*[੧] *ਸਦਾ ਸੁਖਦਾਈ ॥*
*ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥ ੧ ॥ ਰਹਾਉ ॥*
***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ*[੨] *ਆਈ ॥***
*ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥ ੧ ॥*
*ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥*
*ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ ॥ ੨ ॥ ੧ ॥ ਪੰਨਾ ੧੦੦੮*

੧ = ਸਿਰਫ ਅਕਾਲ ਪੁਰਖ ਦਾ ਨਾਮ
੨ = ਯਾਦ ਆਈ

## ੨) ਧੰਨੇ ਭਗਤ ਜੀਉ ਨੂੰ ਰੱਬ (ਗੁਸਾਂਈ) ਕਿਸਤਰਾਂ ਮਿਲਿਆ:

ਇਸ ਵਾਰ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਧੰਨੇ ਭਗਤ ਜੀ ਨੇ ਪੱਥਰ (ਠਾਕੁਰ) ਦੀ ਪੂਜਾ ਕਰਕੇ, ਭੁਖੇ ਰਹਿ ਕੇ, ਹਠ ਕਰਕੇ ਭੋਲੇ ਭਾਉ ਵਿਚ, ਪਥਰ ਵਿਚੋ ਅਕਾਲ ਪੁਰਖ (ਗੁਸਾਂਈ) ਨੂੰ ਪ੍ਰਾਪਤ ਕੀਤਾ ॥

**ਵਾਰ ੧੩ ਭਾਈ ਗੁਰਦਾਸ ਜੀ:**
ਧੰਨੈ ਡਿਠਾ ਚਲਿਤ ਏਹ ਪੁਛੈ ਬਾਮ੍ਹਣ ਆਖ ਸੁਣਾਵੈ॥
ਠਾਕੁਰ ਦੀ ਸੇਵਾ ਕਰੇ ਜੋ ਇਛੇ ਸੋਈ ਫਲ ਪਾਵੈ॥
ਧੰਨਾ ਕਰਦਾ ਜੋਦੜੀ ਮੈਂ ਭਿ ਦੇਹ ਇਕ ਜੋ ਤੁਧ ਭਾਵੈ॥
ਪੱਥਰ ਇਕ ਲਪੇਟ ਕਰ ਦੇ ਧੰਨੇ ਨੋਂ ਗੈਲ ਛੁਡਾਵੈ॥
**ਠਾਕੁਰ ਨੋਂ ਨ੍ਹਾਵਾਲਕੇ ਛਾਹਿ ਰੋਟੀ ਲੈ ਭੋਗ ਚੜ੍ਹਾਵੈ॥**
ਹਥ ਜੋੜ ਮਿੰਨਤ ਕਰੇ ਪੈਰੀਂ ਪੈ ਪੈ ਬਹੁਤ ਮਨਾਵੈ॥
ਹਉਂ ਬੀ ਮੂੰਹ ਨ ਜੁਠਾਲਸਾਂ ਤੂੰ ਰੁਠਾ ਮੈਂ ਕਿਹੁ ਨ ਸੁਖਾਵੈ॥
**ਗੋਸਈਂ ਪਰਤੱਖ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ॥**
ਭੋਲਾ ਭਾਉ ਗੋਵਿੰਦ ਮਿਲਾਵੈ ॥

ੳ) "ਸਤਿਗੁਰੂ ਦੀ ਬਾਣੀ" ਇਕ ਪ੍ਰਮੇਸ਼ਰ ਦਾ ਨਾਮ ਜਪਣ ਨਾਲ ਅਕਾਲ ਪੁਰਖ (ਗੁਸਾਂਈ) ਦੀ ਪ੍ਰਾਪਤੀ ਦਸਦੀ ਹੈ॥ "ਸਤਿਗੁਰੂ ਦੀ ਬਾਣੀ" ਵਿਚ ਅਨੇਕਾ ਹੀ ਪ੍ਰਮੇਸ਼ਰ ਦੇ ਨਾਮ ਆਉਦੇ ਹਨ, ਜਿਸ ਤਰਾਂ: ਰਾਮ, ਨਰਾਇਣ, ਗੋਬਿੰਦ ਆਦਿ ॥ ਹੇਠ ਲਿਖੇ ਸਬਦ ਵਿਚ ਮਹਲਾ ੫ ਗੁਰੂ ਅਰਜੁਨ ਦੇਵ ਜੀ ਦਸਦੇ ਹਨ ਕਿ ਧੰਨੇ ਭਗਤ ਜੀ ਨੇ ਦੂਸਰੇ ਭਗਤਾਂ ਦੀ ਵਿਧੀ ਸਮਝ ਕੇ, ਇਕ ਪ੍ਰਮੇਸ਼ਰ ਦਾ ਨਾਮ ਜਪਿਆ ॥ ਇਸ ਤਰਾਂ ਅਕਾਲ ਪੁਰਖ (ਗੁਸਾਂਈ) ਦੀ ਪ੍ਰਾਪਤੀ ਕੀਤੀ ॥

***ਮਹਲਾ ੫ ॥***
*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥*
*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ੧ ॥*
*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥ ੨ ॥*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥ ੩ ॥*
***ਇਹ ਬਿਧਿ[੧] ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥***
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ੪ ॥ ੨ ॥ ਪੰਨਾ ੪੮੭*

੧ = ਤਰੀਕਾ, ਵਿਧੀ, ਢੰਗ (ਜਿਸ ਢੰਗ ਨਾਲ ਨਾਮਦੇਉ ਜੀਓ, ਕਬੀਰ ਜੀਓ, ਰਵਿਦਾਸ ਜੀਓ, ਸੈਨੁ ਨਾਈ ਜੀਓ ਨੇ ਭਗਤੀ ਕੀਤੀ)

ਅ)"ਸਤਿਗੁਰੂ ਦੀ ਬਾਣੀ" ਪਥਰ ਪੂਜਾ ਦੀ ਸਖਤ ਮਨਾਹੀ ਕਰਦੀ ਹੈ ।

*ਮਃ ੧ ॥ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥*
*ਅੰਧੇ ਗੁੰਗੇ ਅੰਧ ਅੰਧਾਰੁ ॥* ***ਪਾਥਰੁ ਲੇ ਪੂਜਹਿ ਮੁਗਧ ਗਵਾਰ ॥***
*ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ ੨ ॥ ਪੰਨਾ ੫੫੬*

*ਸਲੋਕ ਮਹਲਾ ੧ ॥ ਘਰਿ ਨਾਰਾਇਣੁ ਸਭਾ ਨਾਲਿ ॥* ***ਪੂਜ ਕਰੇ ਰਖੈ ਨਾਵਾਲਿ ॥***
*ਕੁੰਗੂ ਚੰਨਣੁ ਫੁਲ ਚੜਾਏ ॥* ***ਪੈਰੀ ਪੈ ਪੈ ਬਹੁਤੁ ਮਨਾਏ ॥***
*ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥* ***ਅੰਧੀ ਕੰਮੀ ਅੰਧ ਸਜਾਇ ॥***
*ਭੁਖਿਆ ਦੇਇ ਨ ਮਰਦਿਆ ਰਖੈ ॥ ਅੰਧਾ ਝਗੜਾ ਅੰਧੀ ਸਥੈ ॥ ੧ ॥ ਪੰਨਾ ੧੨੪੦*

ੲ) "ਸਤਿਗੁਰੂ ਦੀ ਬਾਣੀ" ਹਠ ਨਾਲ ਜਾਂ ਅਨ ਛਡ ਕੇ ਅਕਾਲ ਪੁਰਖ (ਗੁਸਾਂਈ) ਨੂੰ ਮਿਲਨ ਦਾ ਨਹੀ ਦਸਦੀ ।

***॥ ਪਉੜੀ ॥ ਸਚਾ ਅਲਖ ਅਭੇਉ ਹਠਿ ਨ ਪਤੀਜਈ ॥*** *.........*
*.......... ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥ .............*
*ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥ ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥ ੧੭ ॥*

ਸ) ਗੋਵਿੰਦ ਨੂ ਮਿਲਨ ਲਈ ਪ੍ਰੇਮਾ ਭਗਤੀ ਕਰਨ ਦੀ ਲੋੜ ਹੈ ॥

ਸਤਿਗੁਰ ਦੇ ਗਿਆਨ ਮੁਤਾਬਿਕ ਭਗਤੀ ਕਰਨ ਦੀ ਲੋੜ ਹੈ ॥ ਗਿਆਨ ਦੇ ਬਗੈਰ ਅਗਿਆਨ ਪੂਜਾ ਹੈ ॥ ਗਿਆਨ ਦੇ ਬਗੈਰ ਕੀਤੀ ਗਈ ਪੂਜਾ ਭੋਲਾ ਭਾਉ ਨਹੀ ਬਲ ਕਿ ਦੂਜਾ ਭਾਉ ਹੈ ।

***ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧ ॥ .......***
***ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥ ਪੰਨਾ ੧੪੧੨***

## ੩) ਕੀ ਬਾਬੇ ਨਾਨਕ ਜੀ ਨੇ ਕੋਈ ਭੇਖ ਕੀਤਾ ਅਤੇ ਉਦਾਸੀ ਦੀਆਂ ਰੀਤਾਂ ਚਲਾਈਆਂ ?

ਭਾਈ ਗੁਰਦਾਸ ਜੀ ਦੀ ਇਸ ਵਾਰ ਵਿਚ ਬਾਬੇ ਨਾਨਕ ਜੀ ਨੂੰ ਭੇਖੀ ਦਰਸਾਇਆ ਗਿਆ ਹੈ ਅਤੇ ਲਿਖਿਆ ਹੈ ਕਿ ਬਾਬੇ ਨਾਨਕ ਜੀ ਨੇ ਉਦਾਸੀ ਮਤ ਦੀਆਂ ਰੀਤਾਂ ਸ਼ੁਰੂ ਕੀਤੀਆ ॥ ਭਾਈ ਗੁਰਦਾਸ ਜੀ ਦੀਆਂ ਕਈ ਹੋਰ ਵਾਰਾਂ ਵਿਚ ਬਾਬੇ ਨਾਨਕ ਜੀ ਨੂੰ ਉਦਾਸੀ ਭੇਖ ਉਤਰਵਾ ਕੇ ਸ਼ੰਸਾਰੀ ਕਪੜੇ ਪਵਾਉਣ ਦਾ ਵੀ ਜ਼ਿਕਰ ਆਇਆ ਹੈ ॥

**ਵਾਰ ੨੪ ਭਾਈ ਗੁਰਦਾਸ ਜੀ:......**
ਬਾਝਹੁ ਗੁਰੂ ਗੁਬਾਰ ਹੈ ਹੈਹੈ ਕਰਦੀ ਸੁਣੀ ਲੁਕਾਈ॥
**ਬਾਬੇ ਭੇਖ ਬਣਾਇਆ ਉਦੱਸੀ ਕੀ ਰੀਤ ਚਲਾਈ॥**

"ਸਤਿਗੁਰੂ ਦੀ ਬਾਣੀ" ਸਿਖ ਨੂੰ ਗ੍ਰਹਿਸਤ ਜੀਵਨ ਵਿਚ ਰਹਿ ਕੇ ਨਾਮ ਜਪਣ ਦੀ ਸਿਖਿਆ ਦਿੰਦੀ ਹੈ ॥
ਬਾਹਰੀ ਭੇਖਾਂ ਅਤੇ ਉਦਾਸੀ ਰੀਤਾਂ ਦਾ ਥਾਂ ਥਾਂ ਤੇ ਖੰਡਨ ਕਰਦੀ ਹੈ ॥ ਸਿਖ ਨੇ ਆਪਣੇ ਪ੍ਰਵਾਰ ਵਿਚ ਰਹਿੰਦਿਆਂ ਹੋਇਆਂ ਮਨ ਵਿਚ ਹੀ ਉਦਾਸ ਹੋਣਾ ਹੈ ॥

*ਮਃ ੫ ॥ ਪਉੜੀ ॥ ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥*
*ਖਟੁ ਦਰਸਨੁ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ[1] ॥*
***...ਭੇਖੀ[1] ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥... ਪੰਨਾ ੧੦੯੯ ॥***
੧ = ਭੇਖ ਕਰਨ ਨਾਲ ਅਕਾਲ ਪੁਰਖ ਦੇ ਦਰਸਨ ਨਹੀ ਹੋ ਸਕਦੇ

*ਸੋਰਠਿ ਮਹਲਾ ੧ ॥*
*ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥*
***ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ੧ ॥***
*ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥*
*ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥ ਪੰਨਾ ੫੯੮*

*ਧਨਾਸਰੀ ਮਹਲਾ ੧ ॥*
*ਸਚਿ ਸਿਮਰਿਐ ਹੋਵੈ ਪਰਗਾਸੁ ॥*
*ਤਾ ਤੇ ਬਿਖਿਆ ਮਹਿ ਰਹੈ ਉਦਾਸੁ[1] ॥*
***ਸਤਿਗੁਰ ਕੀ ਐਸੀ ਵਡਿਆਈ ॥***
***ਪੁਤ੍ਰ ਕਲਤ੍ਰ[2] ਵਿਚੇ ਗਤਿ ਪਾਈ ॥ ੨ ॥ ਪੰਨਾ ੬੬੧***
੧ = ਸਿਖ ਨੇ ਮਨ ਵਿਚ ਹੀ ਉਦਾਸ ਹੋਣਾ ਹੈ ॥
੨ = ਆਪਨੇ ਪ੍ਰਵਾਰ ( ਧੀਆਂ ਪੁਤ੍ਰ, ਜੀਵਨ ਸਾਥੀ) ਵਿਚ ਰਹਿੰਦਿਆਂ ਹੀ

## ੪) ਕੀ ਬਾਬੇ ਨਾਨਕ ਦਾ ਰਾਹ ਰੇਤ ਅੱਕ ਖਾ ਕੇ ਤਪੱਸਿਆ ਕਰਨ ਦਾ ਹੈ ?

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਬਾਬੇ ਨਾਨਕ ਜੀ ਨੇ ਜੋਗੀਆਂ, ਉਦਾਸੀਆਂ, ਸੰਨਿਆਸੀਆਂ ਵਰਗੀ ਕਰੜੀ ਤਪੱਸਿਆ ਕਰਕੇ ਅਕਾਲ ਪੁਰਖ ਦੀ ਪ੍ਰਾਪਤੀ ਕੀਤੀ ॥

**ਵਾਰ ੨੪ ਭਾਈ ਗੁਰਦਾਸ ਜੀ:**
**...ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥**
**ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ॥**

“ਸਤਿਗੁਰੂ ਦੀ ਬਾਣੀ” ਭਰਮਾ ਦਾ ਗੜ੍ਹ ਤੋੜਦੀ ਹੈ ਅਤੇ ਥਾਂ ਥਾਂ ਤੇ ਗ੍ਰਹਿਸਤ ਜੀਵਨ ਵਿਚ ਰਹਿੰਦਿਆਂ ਹੋਇਆਂ ਪ੍ਰਮਾਤਮਾ ਦੀ ਭਗਤੀ (ਨਾਮ ਜਪਨਾ) ਕਰਨ ਦੇ ਸਹਿਜ ਮਾਰਗ ਵਲ ਲਾਉਦੀ ਹੈ ॥ ਕੰਦ ਮੂਲ ਖਾਣਾ, ਹਠ, ਤਪ ਤੇ ਮੋਨ ਵਰਗੀ ਤਪੱਸਿਆ ਕਰਨ ਦੀ ਮਨਾਹੀ ਕਰਦੀ ਹੈ ॥

*ਮਃ ੫ ॥ ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥ ਪੰਨਾ ੫੨੨*

*ਧਨਾਸਰੀ ਮਹਲਾ ੧ ॥ ਸਤਿਗੁਰ ਕੀ ਐਸੀ ਵਡਿਆਈ ॥*
*ਪੁਤ੍ਰ ਕਲਤ੍ਰ[੧] ਵਿਚੇ ਗਤਿ ਪਾਈ ॥ ੨ ॥ ਪੰਨਾ ੬੬੧*
੧ = ਆਪਨੇ ਪ੍ਰਵਾਰ ( ਧੀਆਂ ਪੁਤ੍ਰ, ਜੀਵਨ ਸਾਥੀ) ਵਿਚ ਰਹਿੰਦਿਆਂ ਹੀ

## ੫) ਵਾਹਿਗੁਰੂ ਸਬਦੁ ਦੀ ਰਚਨਾ:

ਹੇਠ ਲਿਖੀ ਵਾਰ ਵਿਚ ਭਾਈ ਗੁਰਦਾਸ ਜੀ, ਹਰੇਕ ਜੁਗ ਵਿਚ ਦੇਹਧਾਰੀ ਗੁਰੂ ਨੂੰ ਸਤਿਗੁਰੂ ਮੰਨਦੇ ਹਨ ਅਤੇ “ਵਾਹਿਗੁਰੂ ਸਬਦੁ ਦੀ ਰਚਨਾ” ਨੂੰ ਅਨੇਕਾਂ ਦੇਵੀ ਦੇਵਤਿਆਂ ਦੇ ਨਾਂ ਨਾਲ ਜੋੜਿਆ ਹੈ ॥

**ਵਾਰ ਭਾਈ ਗੁਰਦਾਸ ਪਉੜੀ ੪੯:**
ਸਤਿਜੁਗ **ਸਤਿਗੁਰ ਵਾਸਦੇਵ** ਵਾਵਾ ਵਿਸ਼ਨਾ ਨਾਮ ਜਪਾਵੈ॥
ਦੁਆਪਰ **ਸਤਿਗੁਰ ਹਰੀਕ੍ਰਿਸ਼ਨ** ਹਾਹਾ ਹਰਿ ਹਰਿ ਨਾਮ ਧਿਆਵੈ॥
ਤ੍ਰੇਤੇ **ਸਤਿਗੁਰ ਰਾਮ ਜੀ** ਰਾਰਾ ਰਾਮ ਜਪੇ ਸੁਖ ਪਾਵੈ॥
ਕਲਿਜੁਗ ਨਾਨਕ ਗੁਰ ਗੋਬਿੰਦ ਗਗਾ ਗੋਵਿੰਦ ਨਾਮ ਜਪਾਵੈ॥
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ॥
**ਚਾਰੋਂ ਅਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ॥**
ਜਹਾਂ ਤੇ ਉਪਜਿਆ ਫਿਰ ਤਹਾਂ ਸਮਾਵੈ ॥

**“ਸਤਿਗੁਰ ਦੀ ਬਾਣੀ” ਅਨੁਸਾਰ:**

ੳ) ਸਤਿਗੁਰੂ ਸਦਾ ਸਦਾ ਹੈ, ਇਸ ਲਈ ਸਤਿਗੁਰੂ ਮਨੁਖ ਨਹੀ ਹੈ॥
ਉਹ ਸਭ ਵਿਚ ਸਮਾਇਆ ਹੋਇਆ ਹੈ ॥

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥ ਪੰਨਾ ੭੫੯*

ਅ) ਸਤਿਗੁਰੂ ਜਨਮ ਮਰਨ ਵਿਚ ਨਹੀ ਹੈ ਅਤੇ ਉਸਦੀ ਦੇਹ ਨਹੀ ਹੈ ॥

*ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ ॥ ਵਡਭਾਗੀ ਮਿਲੁ ਰਾਮਾ ॥ ੧ ॥ ਪੰਨਾ ੧੭੨*

ੲ) ਸਤਿਗੁਰੂ ਸਬਦੁ ਜੋਤਿ ਸਰੂਪ ਹੈ ॥

*ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥*
*ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥ ੨ ॥ ਪੰਨਾ ੧੨੦*
*ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ॥ (ਗੁਰੂ ਗੋਬਿੰਦ ਸਿੰਘ ਜੀ)*

## ੬) ਕੀ "ਸਤਿਗੁਰੂ ਦੀ ਬਾਣੀ" ਤੀਰਥ ਅਸਥਾਨਾਂ ਦੀ ਪੂਜਾ ਵਲ ਤੋਰਦੀ ਹੈ?

ਭਾਈ ਗੁਰਦਾਸ ਜੀ ਦੀਆ ਵਾਰਾਂ ਸਾਨੂੰ ਦਸਦੀਆ ਹਨ ਕਿ ਜਿਥੇ ਬਾਬੇ ਨਾਨਕ ਨੇ ਪੈਰ ਰੱਖਿਆ ਉਹ ਅਸਥਾਨ ਪੂਜਾ ਦਾ ਅਸਥਾਨ (ਤੀਰਥ) ਹੈ।

**ਵਾਰ ੨੭ ਭਾਈ ਗੁਰਦਾਸ ਜੀ:**
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥
**ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥**...

ਸਤਿਗੁਰੂ ਦੀ ਬਾਣੀ ਸਾਨੂੰ ਤੀਰਥ ਅਸਥਾਨ, ਮੱਠ ਤੇ ਮੜੀਆਂ ਦੀ ਪੂਜਾ ਦੀ ਮਨਾਹੀ ਕਰਦੀ ਹੈ ਅਤੇ ਕੇਵਲ ਪ੍ਰਭੂ ਭਗਤੀ ਵੱਲ ਲਉਦੀ ਹੈ॥ ਹੋਰ ਕਿਸੇ ਚੀਜ ਦੀ ਪੂਜਾ ਕਰਨਾ ਦੂਜਾ ਭਾਉ ਹੈ ॥ ਨਾਮ ਜਪਣ ਤੋਂ ਬਿਨਾਂ ਹੋਰ ਕਿਸੇ ਤਰੀਕੇ ਨਾਲ ਪਰਮੇਸ਼ਰ ਦੀ ਪੂਜਾ ਨਹੀਂ ਹੋ ਸਕਦੀ ॥

*ਪੂਜਾ ਕੀਚੈ[1] ਨਾਮੁ ਧਿਆਈਐ[2] ਬਿਨੁ ਨਾਵੈ ਪੂਜ ਨ ਹੋਇ[3] ॥ ੧ ॥ ਰਹਾਉ ॥ ਪੰਨਾ ੪੮੯*
੧ = ਪੂਜਾ ਕਰੀਏ, (ਕਿਵੇਂ ?)
੨ = ਨਾਮ ਨੂੰ ਧਿਆਨ ਨਾਲ ਜਪ ਕੇ
੩ = ਨਾਮ ਨੂੰ ਜਪਣ ਤੋਂ ਬਿਨਾਂ ਹੋਰ ਕੋਈ ਪੂਜਾ ਨਹੀ

*ਮਾਰੂ ਮਹਲਾ ੩ ॥ ਹਰਿ ਨਾਮੁ ਚੇਤਾ ਅਵਰੁ ਨ ਪੂਜਾ[1] ॥ ਏਕੋ ਸੇਵੀ ਅਵਰੁ ਨ ਦੂਜਾ ॥*
*ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ ॥ ੨ ॥( ਪੰਨਾ ੧੦੪੮ )*
੧ = ਨਾਮ ਨੂੰ ਜਪਣ ਤੋਂ ਬਿਨਾਂ ਹੋਰ ਕੋਈ ਪੂਜਾ ਨਹੀ

*ਬਿਨੁ ਨਾਵੈ ਹੋਰ ਪੂਜ ਨ ਹੋਵੀ[1] ਭਰਮਿ ਭੁਲੀ ਲੋਕਾਈ ॥ ੨ ॥ ( ਪੰਨਾ ੯੧੦ )*
੧ = ਨਾਮ ਨੂੰ ਜਪਣ ਤੋਂ ਬਿਨਾਂ ਹੋਰ ਕੋਈ ਪੂਜਾ ਨਹੀ

*ਨਿਰਜੀਉ ਪੂਜਹਿ[1] ਮੜਾ ਸਰੇਵਹਿ[1] ਸਭ ਬਿਰਥੀ[1] ਘਾਲ ਗਵਾਵੈ ॥ ੩ ॥ (ਪੰਨਾ ੧੨੬੪)*
੧ = ਤੀਰਥਾ, ਇਮਾਰਤਾ, ਮੜੀਆਂ ਦੀ ਪੂਜਾ

੨ = ਫਜੂਲ, ਬੇਕਾਰ, ਨਿਕੰਮੀ (worthless)

## ੭) ਕੀ ਮਾਨਸ ਦੀ ਸੇਵਾ (ਟਹਲ) ਰੱਬ ਦੀ ਸੇਵਾ ਹੈ ?

ਭਾਈ ਗੁਰਦਾਸ ਜੀ ਦੀਆਂ ਵਾਰਾਂ ਸਾਨੂੰ ਮਾਨੁਖ ਸੇਵਾ (ਤਪੜ ਝਾੜਨੇ ਤੇ ਇਸ ਧੂੜੀ ਵਿਚ ਨਓਣਾ, ਪਾਣੀ ਭਰਨਾ, ...ਆਦਿ) ਵੱਲ ਲਾਉਦੀਆਂ ਹਨ ॥ ਇਸ ਵਾਰ ਵਿਚ ਭਾਈ ਗੁਰਦਾਸ ਜੀ ਬਾਹਰਲੀ ਸੰਗਤਿ ਨੂੰ ਸਾਧ ਸੰਗਤਿ ਲਿਖ ਰਹਿਆ ਹੈ ਜਦਕਿ "ਸਤਿਗੁਰੂ ਦੀ ਬਾਣੀ" ਅਨੁਸਾਰ ਸਾਧ ਸੰਗਤਿ ਗੁਰਸਿਖ ਦੇ ਅੰਦਰ ਵੱਰਦੀ ਹੈ ॥

*"ਕਬਹੂ ਸਾਧਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥" ਪੰਨਾ ੨੭੮*

**ਵਾਰ ੧੦ ਭਾਈ ਗੁਰਦਾਸ :**
ਗੁਰਸਿਖਾ ਗੁਰਸਿਖ ਸੇਵਾ ਲਾਇਆ॥
ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ॥
ਤਪੜੁ ਝਾੜਿ ਵਿਛਾਇ ਧੂੜੀ[੧] ਨਾਇਆ॥
ਕੋਰੇ ਮਟ ਅਣਾਇ ਨੀਰੁ ਭਰਾਇਆ॥
ਆਣਿ ਮਹਾ ਪਰਸਾਦੁ ਵੰਡਿ ਖੁਆਇਆ ॥
੧ = ਘੱਟਾ, ਮਿਟੀ (**dust, dirt**)

"ਸਤਿਗੁਰੂ ਦੀ ਬਾਣੀ" ਸਾਨੂੰ ਦਸਾਂ ਨੰਹੁਆ ਦੀ ਕਿਰਤ ਕਰਦਿਆ, ਲੋੜਵੰਦਾ ਦੀ ਮਦਦ ਕਰਦਿਆਂ, ਸਿਰਫ ਪ੍ਰਮੇਸ਼ਰ ਦੀ ਸੇਵਾ (ਨਾਮ ਜਪਣਾਂ) ਵੱਲ ਲਾਉਦੀ ਹੈ ॥ ਰੱਬ ਦੀ ਪ੍ਰਾਪਤੀ ਕਰਨ ਲਈ ਮਾਨੁਖ ਦੀ ਸੇਵਾ ਨੂੰ ਦੁਖਦਾਈ ਸਾਬਤ ਕਰਦੀ ਹੈ॥

*ਆਸਾ ਮਹਲਾ ੫ ॥ ਹਰਿ ਧੂੜੀ[੧] ਨਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥*
*ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥ ਪੰਨਾ ੪੫੩*
੧ = ਹਰਿ ਨਾਮ ਦੀ ਧੂੜੀ (spiritual dust)
*ਹਰਿ ਕੀ ਟਹਲ[੧] ਕਮਾਵਣੀ ਜਪੀਐ ਪ੍ਰਭ ਕਾ ਨਾਮੁ[੨] ॥ ਪੰਨਾ ੩੦੦*
੧ = ਰੱਬ ਦੀ ਸੇਵਾ ਕਿਵੇ ਕਰੀਏ?..ਸਵਾਲ
੨ = ਨਾਮ ਜਪ ਕੇ ... ਜਵਾਬ
*॥ ਬਸੰਤੁ ਮਹਲਾ ੫ ॥ ਦੂਜੀ ਸੇਵਾ[੧] ਜੀਵਨੁ ਬਿਰਥਾ ॥ ਕਛੂ ਨ ਹੋਈ ਹੈ ਪੂਰਨ ਅਰਥਾ ॥*
*ਮਾਣਸ ਸੇਵਾ[੨] ਖਰੀ ਦੁਹੇਲੀ[੩] ॥ ਸਾਧ ਕੀ ਸੇਵਾ[੪] ਸਦਾ ਸੁਹੇਲੀ[੫] ॥ ੨ ॥ ਪੰਨਾ ੧੧੮੨*
੧ = ਮਾਣਸ ਦੀ ਸੇਵਾ
੨ = ਦੂਜੀ ਸੇਵਾ

੩ = ਦੁਖਦਾਈ

੪ = ਸਤਿਗੁਰੂ ਦੀ ਸੇਵਾ ਨਾ ਕਿ ਮਾਣਸ ਸੇਵਾ (ਦੂਜੀ ਸੇਵਾ)

੫ = ਸੁਖਦਾਈ

*ਗੂਜਰੀ ਮਹਲਾ ੩ ॥ ਹਰਿ ਕੀ ਤੁਮ ਸੇਵਾ੍ ਕਰਹੁ ਦੂਜੀ ਸੇਵਾ੍ ਕਰਹੁ ਨ ਕੋਇ ਜੀ ॥*

*ਹਰਿ ਕੀ ਸੇਵਾ੍ ਤੇ ਮਨਹੁ ਚਿੰਦਿਆਫਲੁ ਪਾਈਐ*

*ਦੂਜੀ ਸੇਵਾ੍ ਜਨਮੁ ਬਿਰਥਾ ਜਾਇ ਜੀ ॥ ੧ ॥*

*ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ॥*

*ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ ॥ ੧ ॥ ਰਹਾਉ ॥ ਪੰਨਾ ੪੯੦*

੧ = ਰੱਬ ਦੀ ਸੇਵਾ (ਨਾ ਕਿ ਦੇਹੀ ਦੀ ਸੇਵਾ / ਦੂਜੀ ਸੇਵਾ)

੨ = ਰੱਬ ਦੀ ਸੇਵਾ ਤੋਂ ਬਿਨਾ ਹੋਰ ਸੇਵਾ

## ੮) ਕੀ "ਸਤਿਗੁਰੂ ਦੀ ਬਾਣੀ" ਵਿਚ ਕਰਾਮਾਤਾਂ ਵਿਖਾਉਣ ਦੀ ਕੋਈ ਮਹੱਤਤਾ ਹੈ ?

ਭਾਈ ਗੁਰਦਾਸ ਦੀਆ ਵਾਰਾਂ ਬਾਬੇ ਨਾਨਕ ਜੀ , ਭਗਤ ਕਬੀਰ ਜੀ, ਨਾਮ ਦੇਵ ਜੀ ਦੀ ਵਡਿਆਈ ਸਿਰਫ ਕਰਾਮਾਤਾਂ ਵਿਖਾਉਣ ਵਿਚ ਦਸਦੀਆਂ ਹਨ ॥

**ਵਾਰ ੩੨ ਭਾਈ ਗੁਰਦਾਸ ਜੀ:**

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥
ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ॥
ਜਾਂ ਬਾਬਾ ਸੁੱਤਾ ਰਾਤ ਨੂੰ ਵੱਲ ਮਹਿਰਾਬੇ ਪਾਂਇ ਪਸਾਰੀ॥
ਜੀਵਨ ਮਾਰੀ ਲਤ ਦੀ ਕੇੜ੍ਹਾ ਸੁਤਾ ਕੁਫ਼ਰ ਕੁਫ਼ਾਰੀ॥
ਲਤਾਂ ਵਲ ਖ਼ੁਦਾਇ ਦੇ ਕਿਉਂਕਰ ਪਇਆ ਹੋਇ ਬਜਗਾਰੀ॥
**ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ॥**
ਹੋਇ ਹੈਰਾਨ ਕਰੇਨ ਜੁਹਾਰੀ ॥

**ਕਲਿਜੁਗ ਨਾਮਾ ਭਗਤਿ ਹਿੰਦੂ ਮੁਸਲਮਾਨ ਫੇਰ ਦੇਹੁਰਾ ਗਾਇ ਜੀਵਾਈ॥**
**ਭਗਤਿ ਕਬੀਰ ਵਖਾਣੀਐ ਬੰਦੀਖਾਨੇ ਤੇ ਉਠ ਜਾਈ॥**

"ਸਤਿਗੁਰੂ ਦੀ ਬਾਣੀ" ਅਨੁਸਾਰ ਰਿਧੀਆਂ ਸਿਧੀਆਂ ਵਿਖਾਉਣੀਆ ਦੂਜਾ ਭਾਉ (ਪ੍ਰਮਾਤਮਾ ਦੇ ਮਿਲਣ ਤੋ ਉਲਟ) ਹਨ॥ ਇਸ ਰਿਧੀ ਸਿਧੀ ਵਾਲੇ ਮਾਰਗ ਨਾਲ ਨਾਮ ਮਨ ਵਿਚ ਨਹੀ ਵੱਸ ਸਕਦਾ॥ ਸਾਡੇ ਗੁਰੂਆਂ ਤੇ ਭਗਤਾਂ ਦੀ ਇਹੋ ਹੀ ਵੱਡੀ ਵਡਿਆਈ ਹੈ ਕਿ ਉਹਨਾ ਨੇ ਰਿਧੀਆਂ ਸਿਧੀਆਂ ਨੂੰ ਪਛਾੜਿਆ ਅਤੇ ਸਾਨੂੰ ਇਹੋ ਹੀ ਗੁਰਮਤਿ ਦੱਸੀ ਕਿ ਰਿਧ ਸਿਧ ਪ੍ਰਭੂ ਦੇ ਮਿਲਣ ਦਾ ਮਾਰਗ ਨਹੀ॥

ਭਗਤਾਂ ਅਤੇ ਗੁਰੂਆਂ ਦੇ ਸਮੇਂ ਜੋ ਵੀ ਕਰਾਮਾਤਾਂ ਹੋਈਆਂ, ਉਹ ਉਹਨਾ ਨੇ ਨਹੀ ਕੀਤੀਆਂ॥ ਸਤਿਗੁਰ ਦੀ ਬਾਣੀ ਵਿਚਾਰਨ ਨਾਲ ਇਹੋ ਹੀ ਸਿਧ ਹੁੰਦਾ ਹੈ ਕਿ ਜੋ ਵੀ ਕਰਾਮਾਤਾਂ ਹੋਈਆਂ, ਉਹ ਅਕਾਲ ਪੁਰਖ ਨੇ ਆਪ ਵਿਖਾਈਆਂ ॥ ਭਗਤ ਹਮੇਸ਼ਾ ਹੀ ਉਸਦੀ ਰਜ਼ਾ ਵਿਚ ਰਹਿੰਦੇ ਹਨ ॥

*ਬਿਸਮਿਲਿ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥ ੨ ॥*
*ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥*
***ਮੇਰਾ ਕੀਆ ਕਛੂ ਨ ਹੋਇ[1] ॥ ਕਰਿ ਹੈ ਰਾਮੁ ਹੋਇ ਹੈ ਸੋਇ[2] ॥ ੪ ॥ ਪੰਨਾ ੧੧੬੫***
੧ = ਮੈ ਕੁਝ ਨਹੀ ਕੀਤਾ
੨ = ਅਕਾਲ ਪੁਰਖ ਹੀ ਕਰਨ ਵਾਲਾ ਹੈ
***ਰਿਧਿ ਸਿਧਿ ਸਭੁ ਮੋਹੁ ਹੈ[1] ਨਾਮੁ ਨ ਵਸੈ ਮਨਿ ਆਇ[2] ॥ ਪੰਨਾ ੫੯੪***
੧ = ਪੰਜ ਵੈਰੀਆਂ ਵਿਚੋਂ
੨ = ਇਸ ਨਾਲ ਨਾਮ ਮਨ ਵਿਚ ਨਹੀ ਵਸ ਸਕਦਾ
***ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ[1] ॥** ਪੰਨਾ ੬*
੧ = ਰੱਬ ਦੇ ਰਾਹ ਤੋਂ ਉਲਟ ਰਸਤਾ

ਉਪਰ ਭਾਈ ਗੁਰਦਾਸ ਦੀਆਂ ਕੁੱਝ ਕੁ ਵਾਰਾਂ ਦਾ ਪ੍ਰਮਾਣ ਦਿਤਾ ਹੈ ਜਿਨਾਂ ਨੂੰ ਬਹੁਤ ਅਸਾਨੀ ਨਾਲ ਪ੍ਰਖਿਆ ਜਾ ਸਕਦਾ ਹੈ॥ ਦਰਸਾਏ ਹਵਾਲਿਆਂ ਤੋਂ ਇਹ ਸਿਧ ਹੁੰਦਾ ਹੈ ਕਿ ਇਨਾਂ ਵਾਰਾਂ ਦਾ "ਸਤਿਗੁਰੂ ਕੀ ਬਾਣੀ" ਅਨੁਕੂਲ ਨਾ ਹੋਣਾਂ ਤਾਂ ਇਕ ਪਾਸੇ, ਬਲਕਿ ਇਹ "ਸਤਿਗੁਰੂ ਕੀ ਬਾਣੀ" ਵਿਚ ਦਸੇ ਸਿਧਾਤਾਂ ਦੀ ਪੂਰੀ ਤਰ੍ਹਾਂ ਉਲੰਘਣਾਂ ਕਰਦੀਆਂ ਹਨ॥

ਸਤਿਗੁਰੂ ਦੀ ਬਾਣੋ ਸੱਚੋ ਹੀ ਸੱਚ ਹੈ ਅਤੇ ਇਹ ਸਿਖ ਦੇ ਜੀਵਨ ਦਾ ਆਧਾਰ ਹੈ॥ ਜਦੋਂ ਤਕ ਅਸੀ ਕਿਸੇ ਵੀ ਬਾਹਰਲੀ ਲਿਖਤ ਤੇ ਇਤਿਹਾਸ ਨੂੰ "ਸਤਿਗੁਰੂ ਦੀ ਬਾਣੀ" ਦੇ ਨਾਲ ਨਹੀ ਤੋਲਦੇ, ਉਦੋਂ ਤਕ ਸਾਡੇ ਭਰਮਾਂ ਦਾ ਨਾਸ ਨਹੀ ਹੋ ਸਕਦਾ॥
ਸਾਨੂੰ ਆਪਣੇ ਆਪ ਨੂੰ ਇਹ ਸੁਆਲ ਪੁਛਣੇ ਚਾਹੀਦੇ ਹਨ ਕਿ:
**ੳ) ਕੀ ਇਹ ਬਾਹਰਲੀਆਂ ਲਿਖਤਾਂ ਗੁਰੂ ਆਸ਼ੇ ਤੇ ਪੂਰੀਆਂ ਉਤਰਦੀਆਂ ਹਨ?**
**ਅ) ਕਿਤੇ ਗੁਰਮਤਿ ਤੋਂ ਉਲਟ ਤਾਂ ਨਹੀ ?**
"ਸਤਿਗੁਰੂ ਕੀ ਬਾਣੀ" ਤਾਂ ਭਰਮਾਂ ਦੇ ਗੜ ਤੋੜ ਕੇ ਅਕਾਲ ਪੁਰਖ ਨਾਲ ਜੋੜਣ ਲਈ ਹੈ ॥

***ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥***
***ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥ ਪੰਨਾ ੫੨੨***

**ਸਾਡੀ ਇਸ ਵਿਚਾਰ ਦਾ ਮੁਖ ਮੰਤਵ (Main objective) "ਸਤਿਗੁਰ ਕੀ ਬਾਣੀ" ਗਿਆਨ ਰੂਪੀ ਸ੍ਰੀ ਗੁਰੂ ਗ੍ਰੰਥ ਜੀ ਤੇ ਦ੍ਰਿੜ ਵਿਸ਼ਵਾਸ਼ ਨੂੰ ਹੋਰ ਉਚਾ ਚੁਕਣਾ ਅਤੇ ਇਸਤੋ ਉਲਟ ਹੋਰ ਵਿਚਾਰ ਧਾਰਾ ਨੂੰ ਪਛਾੜਨਾ ਹੈ॥**

ਭਾਈ ਗੁਰਦਾਸ ਜੀ ਦੀਆਂ ਵਾਰਾਂ ਸਾਨੂੰ ਕਈ ਤਰੀਕਿਆਂ ਨਾਲ ਪੱਥਰ ਪੂਜਾ, ਤੀਰਥ ਪੂਜਾ, ਮਾਨਸ ਸੇਵਾ, ਹਠ ਤਪੱਸਿਆ ਅਤੇ ਦੇਵੀ ਦੇਵਤਿਆ ਨਾਲ ਜੋੜਦੀਆਂ ਹਨ ॥ ਇਸਤਰਾਂ ਇਹ ਵਾਰਾਂ ਪਰਮੇਸਰ ਦੇ ਮਿਲਣ ਵਾਲੇ ਰਸਤੇ ਤੋਂ ਦੂਰ ਕਰਦੀਆਂ ਹਨ॥
ਇਹ ਵਾਰਾਂ ਵਿਚਾਰੀਏ ਤਾਂ ਇਸਤਰਾਂ ਪ੍ਰਤੀਤ ਹੁੰਦਾ ਹੈ ਜਿਵੇ ਕਿ ਕੋਈ ਗੁੜ ਵਿਚ ਲਪੇਟ ਕੇ ਜ਼ਹਿਰ ਦੇ ਰਿਹਾ ਹੋਵੇ ॥

ਉਪਰੋਕਤ ਪ੍ਰਮਾਣਾਂ ਤੋਂ ਬਾਹਦ ਵੀ ਇਨ੍ਹਾਂ ਵਾਰਾਂ ਨੂੰ "ਸਤਿਗੁਰੂ ਕੀ ਬਾਣੀ" ਦੀ ਕੁੰਜੀ ਸਮਝਣਾ ਸਿਰਫ ਅਗਿਆਨਤਾ ਹੀ ਨਹੀਂ ਬਲਕੇ ਅਪਮਾਨ ਦੀ ਗਲ ਹੈ॥ ਕਿਉਂ ਕਿ ਮਹਲਾ ੨ ਹੇਠ ਲਿਖੇ ਸਲੋਕ ਵਿੱਚ ਦਸਦੇ ਹਨ ਕਿ **ਮਨ ਨੂੰ ਗਿਆਨ ਦੀ ਕੁੰਜੀ ਸਤਿਗੁਰੂ ਤੋਂ ਬਿਨਾਂ ਕਿਸੇ ਹੋਰ ਪਾਸ ਨਹੀ ਹੈ॥**

***ਸਲੋਕ ਮਹਲਾ ੨ ॥ ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥ ੧ ॥ ਪੰਨਾ ੧੨੩੭***

***ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥ ਪੰਨਾ ੧੨੪***

"ਸਤਿਗੁਰ ਕੀ ਬਾਣੀ", ਇਕ ਬਹੁਤ ਵਡਾ ਅਨਮੋਲਕ ਖਜ਼ਾਨਾ, "ਪੂਰਨ ਬ੍ਰਹਮ ਗਿਆਨ" ਸਿਖ ਜਗਤ ਨੂੰ ਹਾਸਿਲ ਹੈ ਜਿਥੇ ਕੇ ਭਾਈ ਗੁਰਦਾਸ ਜੀ ਦੀਆ ਵਾਰਾਂ, ਭਰਮ ਪਾਉਣ ਵਾਲੀ ਇਕ ਕਚੀ ਬਾਣੀ ਹੈ॥ ਇਸਨੂੰ ਸਿਖ ਜਗਤ ਵਿਚ ਸਚੀ ਬਾਣੀ ਦੇ ਪੱਧਰ ਤੇ ਅਸਥਾਨ ਦਿੰਦੇ ਹੋਏ ਸਿਖ ਪ੍ਰਚਾਰ ਦਾ ਸਾਧਨ ਬਣਾਓਣਾ, ਇਸ ਤਰ੍ਹਾਂ ਹੈ, ਜਿਵੇ ਕਿ ਹੀਰੇ ਜਵਾਹਰਾਤਾਂ ਨੂੰ ਰੋਲ ਕੇ ਕੌਡੀਆਂ ਇਕਠੀਆਂ ਕਰਨਾ ॥

ਸਾਨੂੰ ਆਸ ਹੈ ਕਿ ਸਿਖ ਜਗਤ "ਸਤਿਗੁਰੂ ਕੀ ਬਾਣੀ" ਦੇ ਅਸੂਲਾ ਤੇ ਪਹਿਰਾ ਦਿੰਦੇ ਹੋਏ,
**ਭਾਈ ਗੁਰਦਾਸ ਜੀ ਦੀਆਂ ਵਾਰਾਂ ਜੋ ਵੀ ਗੁਰਮਤਿ ਤੋ ਉਲਟ ਹਨ, ਨੂੰ ਵਿਚਾਰ ਕੇ,**
**ਰੱਦ ਕਰਨ ਦਾ ਉਪਰਾਲਾ ਕਰਨਗੇ ॥**

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫਤਹਿ ॥**

*Sabad Vartara International, P.O. Box 180002, Utica, MI 48318-0002, USA. Registered Non Profitable Org. 383518537*
*WWW.SABADVARTARA.ORG, Phone/Fax: (734) 623-6350*

ਤੁਲਨਾਂ :

| ਵਿਸ਼ਾ | ਭਾਈ ਗੁਰਦਾਸ ਦੀਆਂ ਵਾਰਾਂ ਦਾ ਪੱਖ | "ਸਤਿਗੁਰੂ ਕੀ ਬਾਣੀ" ਗਿਆਨ ਰੂਪੀ ਸ੍ਰੀ ਗੁਰੂ ਗ੍ਰੰਥ ਜੀ ਦਾ ਪੱਖ | |
|---|---|---|---|
| ੧) ਦ੍ਰੋਪਤੀ (ਪੰਚਾਲੀ) ਦੀ ਲਾਜ: | ਕ੍ਰਿਸਨ ਦਾ ਧਿਆਨੁ ਧਰ ਕੇ | ਪ੍ਰਭੂ ਦੇ ਨਾਮ ਦਾ ਧਿਆਨੁ ਧਰ ਕੇ | |
| ੨) ਧੰਨੇ ਭਗਤ ਜੀਉ ਨੂੰ ਰੱਬ ਕਿਸਤਰਾਂ ਮਿਲਿਆ: | ਠਾਕੁਰ(ਪੱਥਰ) ਦੀ ਸੇਵਾ( ਨ੍ਹਾਵਾਲਕੇ , ਰੋਟੀ ਖੁਆ ਕੇ) ਨਾਲ | ਭਗਤੀ (ਨਾਮ ਜਪ) ਕਰਕੇ | |
| ੩) ਕੀ ਬਾਬੇ ਨਾਨਕ ਨੇ ਕੋਈ ਭੇਖ ਕੀਤਾ ਅਤੇ ਉਦਾਸੀ ਦੀਆਂ ਰੀਤਾਂ ਚਲਾਈਆਂ ? | ਬਾਬਾ ਨਾਨਕ ਭੇਖੀ ਸਨ ਅਤੇ ਉਦਾਸੀ ਦੀ ਰੀਤ ਵਿਚ ਵਿਸਵਾਸ਼ ਕਰਦੇ ਸਨ ॥ | ਬਾਹਰੀ ਭੇਖ ਅਤੇ ਉਦਾਸੀ  ਰੀਤਾਂ ਦਾ ਖੰਡਨ ਕਰਦੀ ਹੈ ॥ | |
| ੪) ਕੀ ਬਾਬੇ ਨਾਨਕ ਦਾ ਰਾਹ ਰੇਤ ਅੱਕ ਖਾ ਕੇ ਤੱਪਸਿਆ ਕਰਨ ਦਾ ਹੈ ? | ਜਾਹਰ ਹੈ:<br>"ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥<br>ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ॥" | ਨਹੀ:<br>ਗ੍ਰਹਿਸਤ ਜੀਵਨ ਵਿਚ ਰਹਿੰਦੀਆਂ ਪ੍ਰਮਾਤਮਾ ਦੀ ਭਗਤੀ ( ਨਾਮ ਜਪਨਾ) ਕਰਨ ਦਾ ਸਹਿਜ ਮਾਰਗ ॥ | |
| ੫) ਵਾਹਿਗੁਰੂ ਸਬਦੁ ਦੀ ਰਚਨਾ: | ਹਿੰਦੂ ਦੇਵਤਿਆ ਰਾਜਿਆ ਦੇ ਨਾਂ ਨਾਲ ਪਾਵਨ ਵਾਹਿਗੁਰੂ ਸਬਦੁ ਦੀ ਰਚਨਾ ਕਰਦਾ ਹੈ॥ | ਵਾਹਿਗੁਰੂ ਸਬਦੁ ਗੁਰੂ ਨਾਨਕ ਦੇਵ ਜੀ ਨੂੰ ਸਿਧਾ ਅਕਾਲ ਪੁਰਖ ਵਲੋ ਆਇਆ॥ | |
| ੬) ਕੀ ਤੀਰਥ ਅਸਥਾਨਾਂ ਦੀ ਪੂਜਾ ਗੁਰਮਤਿ ਹੈ? | ਜਿਥੇ ਬਾਬੇ ਨਾਨਕ ਨੇ ਪੈਰ ਰੱਖਿਆ ਉਹ ਅਸਥਾਨ ਪੂਜਾ ਦਾ ਅਸਥਾਨ (ਤੀਰਥ) ਹੈ। | ਸਤਿਗੁਰੂ ਦੀ ਬਾਣੀ ਸਾਨੂੰ ਤੀਰਥ ਅਸਥਾਨ, ਮੱਠ ਤੇ ਮੜੀਆਂ ਦੀ ਪੂਜਾ ਦੀ ਮਨਾਹੀ ਕਰਦੀ ਹੈ ॥ ਕੇਵਲ ਪ੍ਰਭੂ ਭਗਤੀ ਵੱਲ ਲਉਦੀ ਹੈ | |
| ੭) ਕੀ ਮਾਨਸ ਦੀ ਸੇਵਾ (ਟਹਲ) ਰੱਬ ਦੀ ਸੇਵਾ ਹੈ ? | ਜਾਹਰ ਹੈ:<br>"ਗੁਰਸਿਖਾ ਗੁਰਸਿਖ ਸੇਵਾ ਲਾਇਆ॥" | ਨਹੀ:<br>ਪ੍ਰਮੇਸ਼ਰ ਦੀ ਸੇਵਾ ਸਿਰਫ ਨਾਮ ਜਪਣਾਂ ਹੀ ਹੈ ॥<br>ਰੱਬ ਦੀ ਪ੍ਰਾਪਤੀ ਕਰਨ ਲਈ ਮਾਨੁਖ ਦੀ ਸੇਵਾ ਦੁਖਦਾਈ ਹੈ॥ | |
| ੮) ਕੀ ਕਰਾਮਾਤਾਂ ਵਖਾਣੀਆ ਗੁਰਮਤਿ ਹੈ? | ਜਾਹਰ ਹੈ:<br>"ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ॥" | ਕਰਾਮਾਤਾਂ ਵਖਾਣੀਆ ਗੁਰਮਤਿ ਨਹੀ ਸਗੋ ਇਹ ਪ੍ਰਭੂ ਮਾਰਗ ਤੋਂ ਉਲਟ ਹਨ ॥<br>ਰਿਧਿ ਸਿਧਿ ਅਵਰਾ ਸਾਦ ॥ | |

**TO**

## Sabadvartara Mission:

To promote Naam Jaap as strongly as stressed in "Sateguru Ki Bani" (Gurmat) listed in Shri Guru Granth ji.

To promote Sikh way of life according to "Sateguru Ki Bani" (Gurmat) as listed in Shri Guru Granth ji.

To Demote Sikh Beliefs and Practices which contradict with "Satguru Ki Bani" as listed in Shri Guru Granth ji.

*Sabad Vartara International, P.O. Box 180002, Utica, MI 48318-0002, USA. Registered Non Profitable Org. 383518537*
*WWW.SABADVARTARA.ORG, Phone/Fax: (734) 623-6350*